# ** ਸਿੱਖ ਦੇ ਘਰਾਂ, ਗੁਰਦੁਆਰਿਆਂ ਅਤੇ ਮੁੱਖ ਧਾਰਮਿੱਕ ਸਥਾਨਾਂ ਵਿੱਚ ਹੋ ਰਹੀਆਂ ਮੰਨਮੱਤਾਂ।

### ਕਿਸ਼ਤ ਨੰਬਰ 4

(ਲੜੀ ਜੋੜਨ ਲਈ ਕਿਸ਼ਤ ਨੰਬਰ 1, 2, 3 ਪੜ੍ਹੋ ਜੀ)

** ਖਾਲਸ, ਖਾਲਸਾ, ਨਿਆਰਾ-ਖਾਲਸਾ। ਗੁਰੂ ਸਾਹਿਬਾਨਾਂ ਨੇ ਸਿੱਖ ਸਮਾਜ ਇੱਕ ਐਸਾ ਸਮਾਜ ਬਣਾਇਆ ਸੀ, ਜੋ ਉਸ ਸਮੇਂ ਦੇ ਸਮਾਜ ਵਿੱਚ ਕਾਬਿਜ਼ ਤਿਕੜੀ (ਬਰਾਹਮਣ+ਯੋਗੀ+ਕਾਜ਼ੀ) ਦੇ ਬਣਾਏ ਤਿਕੜਮ ਜਾਲ ਵਿਚੋਂ ਕੱਢਣ ਲਈ ਇਹਨਾਂ ਤਿੰਨਾਂ ਨੂੰ ਵੰਗਾਰ ਪਾਈ ਸੀ। ਆਪ ਇਹਨਾਂ ਦੇ ਬਣਾਏ-ਚਲਾਏ ਰਾਹਾਂ ਉੱਪਰ ਚੱਲਣ ਤੋਂ ਇਨਕਾਰੀ ਹੋ ਗਏ। ਆਪਣੇ ਰਾਹ ਆਪ ਬਣਾਉਣੇ ਕੀਤੇ। ਇੱਸ ਤਿੱਕੜੀ ਵਲੋਂ ਦੱਬਲੀ-ਕੁਚਲੀ ਜਨਤਾ ਨੂੰ ਵੀ ਵੰਗਾਰ ਕੇ ਇਹਨਾਂ 'ਸਚਿਆਰ' ਰਾਹਾਂ ਉੱਪਰ ਚੱਲਣ ਦੀ ਪ੍ਰੇਰਨਾ ਕੀਤੀ।

**** ਗੁਰਮੱਤ ਸਿਧਾਂਤ ਅਨੁਸਾਰ 'ਗੁਰਬਾਣੀ' ਦਾ ਫੁਰਮਾਨ ਹੈ:**

- **ਭੈਰਉ ਮਹਲਾ 5॥ ਵਰਤ ਨ ਰਹਉ ਨ ਮਹ ਰਮਦਾਨਾ॥ ਤਿਸੁ ਸੇਵੀ ਜੋ ਰਖੈ ਨਿਦਾਨਾ॥ 1॥ ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ॥ ਰਹਾਉ॥ ਹਜ ਕਾਬੈ ਜਾਉ ਨ ਤੀਰਥ ਪੂਜਾ॥ ਏਕੋ ਸੇਵੀ ਅਵਰੁ ਨ ਦੂਜਾ॥ 2॥ ਪੂਜਾ ਕਰਉ ਨ ਨਿਵਾਜ ਗੁਜਾਰਉ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ॥ 3॥ ਨਾ ਹਮ ਹਿੰਦੂ ਨ ਮੁਸਲਮਾਨ॥ ਅਲਜ ਰਾਮ ਕੇ ਪਿੰਡ ਪਰਾਨ॥ 4॥ ਕਹੁ ਕਬੀਰ ਇਹੁ ਕੀਆ ਵਖਾਨਾ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ॥ 5॥ 3॥**
- **ਭੈਰਉ ਕਬੀਰ ਜੀ॥ ਉਲਟਿ ਜਾਤਿ ਕੁਲ ਦੋਊ ਬਿਸਾਰੀ॥ ਸੁੰਨ ਸਹਜ ਮਹਿ ਬੁਨਤ ਹਮਾਰੀ॥ 1॥ ਹਮਰਾ ਝਗਰਾ ਰਹਾ ਨਾ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥ ਰਹਾਉ॥ ਬੁਨਿ ਬੁਨਿ ਆਪ ਆਪੁ ਪਹਿਰਾਵਉ॥ ਜਹ ਨਹੀ ਆਪੁ ਤਹਾ ਹੋਇ ਗਾਵਉ॥ 2॥ ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥ 3॥ ਰਿਦੈ ਇਖਲਾਸੁ ਨਿਰਖਿ ਲੇ ਮੀਰਾ॥ ਆਪੁ ਖੋਜਿ ਖੋਜਿ ਮਿਲੇ ਕਬੀਰਾ॥ 4॥**

**** 'ਗੁਰਮੱਤ-ਸਿਧਾਂਤ' ਤਾਂ ਕਹਿ ਰਹੇ ਹਨ ਕਿ**

**"ਨਾ ਹਮ ਹਿੰਦੂ ਨ ਮੁਸਲਮਾਨ",**

**"ਹਮਰਾ ਝਗਰਾ ਰਹਾ ਨਾ ਕੋਊ, ਪੰਡਿਤ ਮੁਲਾਂ ਛਾਡੇ ਦੋਊ"॥**

**"ਪੰਡਿਤ ਮੁਲਾਂ ਜੋ ਲਿਖਿ ਦੀਆ ਛਾਡਿ ਚਲੈ ਹਮ ਕਛੂ ਨ ਲੀਆ"॥**

** ਜਦ ਸਾਡੇ ਰਹਿਬਰਾਂ ਨੇ ਸਾਨੂੰ ਅਜੇਹੇ ਸੁਚੱਜੇ, ਨਿਆਰੇ, ਸਚਿਆਰੇ ਰਾਹ ਪੁਰ ਚਲਾਇਆ ਤਾਂ ਅਸੀਂ ਕੁਰਾਹੇ ਕਿਉਂ ਪੈ ਗਏ? ? ?

** ਕਿਉਂ ਸਾਡੇ ਵਿੱਚ ਅਜੇਹੀਆਂ ਅਣਮੱਤਾਂ, ਮੰਨਮੱਤਾਂ ਆਣ ਵੜੀਆਂ?

** ਕਿਉਂ ਅਸੀ ਕਰਮਕਾਂਡੀ ਬਣ ਗਏ? ?

** ਕਿਉਂ ਅਸੀਂ ਹੂ-ਬ-ਹੂ ਬ੍ਰਾਹਮਣਾਂ ਦੀਆਂ, ਯੋਗੀਆਂ ਦੀਆਂ ਰਵਾਇਤਾਂ ਅਪਨਾ ਲਈਆਂ? ?

** ਜਰੂਰ ਸਾਡੇ ਸਿੱਖੀ-ਸਿਧਾਂਤਾਂ, ਗੁਰਮੱਤ ਅਸੂਲਾਂ ਵਿੱਚ ਰੱਲ-ਗੱਡ ਕੀਤਾ ਗਿਆ ਹੈ। ਸਾਨੂੰ ਸਿੱਖ ਸਮਾਜ ਨੂੰ ਰਾਹੋਂ ਕੁਰਾਹੇ ਪਾਇਆ ਜਾ ਰਿਹਾ ਹੈ। ਸਿੱਖ ਸਮਾਜ ਨੂੰ ਆਪਣੇ ਆਪ ਨੂੰ ਚੁਕੰਨੇ ਕਰਨ ਅਤੇ ਜਾਗਣ ਦੀ ਲੋੜ ਹੈ। ਆਪਣਾ ਨਿਆਰਾਪਣ ਸੰਭਾਲਣ ਦੀ ਲੋੜ ਹੈ।


** ਆਉ ਅੱਗਲੀ ਹੋ ਰਹੀ ਮੰਨਮੱਤ ਦੀ ਵਿਚਾਰ ਕਰੀਏ।

- . . ਸਬਦ ਗੁਰੂ ਗਰੰਥ ਸਾਹਿਬ ਜੀ 'ਗਿਆਨ ਦੇ ਸਾਗਰ' ਹਨ, ਸਰੋਤ ਹਨ

  ਜਾਂ ਕਿ 'ਦੇਹਧਾਰੀ-ਗੁਰੂ' ? ?

** "ਬਾਣੀ ਗੁਰੂ ਗੁਰੁ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥ ਮ4॥ 982॥"

** "ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥ ਮ3॥ 67॥"






- ਉਪਰਲੀ ਤਸਵੀਰ ਵਿੱਚ ਦੋ ਵਿਦਵਾਨਾਂ ਦੇ ਵਿਚਾਰ ਦਰਜ਼ ਹਨ। ਭਾਈ ਅਰਦਮਨ ਸਿੰਘ ਬਾਗੜੀਆ, ਜੋ ਕੇ ਸਬਦ ਗੁਰੂ ਗਰੰਥ ਸਾਹਿਬ ਜੀ ਨੂੰ 'ਦੇਹ' ਨਾ-ਮੰਨ ਕੇ 'ਗਿਆਨ-ਜੋਤ' ਮੰਨ ਰਹੇ ਹਨ। ਸਿੱਖ ਸਮਾਜ ਵਿੱਚ ਇਸ 'ਸਬਦ ਗੁਰੁ ਗਰੰਥ' ਨਾਲ ਕੀਤੀਆਂ ਜਾ ਰਹੀਆਂ ਮੰਨਮੱਤਾਂ ਬਾਰੇ ਖੁੱਲ ਕੇ ਆਪਣੇ ਵਿਚਾਰ ਦੇ ਰਹੇ ਹਨ।

- ਦੂਜੀ ਤਸਵੀਰ ਵਿੱਚ ਗਿਆਨੀ ਗਿਆਨ ਸਿੰਘ ਦੇ ਵਿਚਾਰ, ਜਿਸਨੇ ਭਾਈ ਪ੍ਰਹਿਲਾਦ ਸਿੰਘ ਦੇ ਪੁਰਾਤਨ ਰਹਿਤਨਾਮੇ ਦੀ ਪੰਕਤੀ "**ਪੰਥ ਖਾਲਸਾ ਜਾਨਿਉ, ਪ੍ਰਗਟ ਗੁਰਾਂ ਕੀ ਦੇਹ" ਨੂੰ ਬਦਲਕੇ** … "**ਗੁਰੁ ਗਰੰਥ ਜੀ ਮਾਨਿਉ ਪ੍ਰਗਟ ਗੁਰਾਂ ਕੀ ਦੇਹ**" ਬਣਾ ਕੇ ਸਿੱਖ ਸੰਗਤਾਂ ਨੂੰ ਗੁਮਰਾਹ ਕਰਨਾ ਕੀਤਾ।

- ਵਿਹਲੜ ਡੇਰੇਦਾਰਾਂ, ਨਿਰਮਲੇ ਸਾਧਾਂ, ਗੁਰੁ ਅੰਸ਼-ਬੰਸ ਵਾਲਿਆਂ ਨੇ ਗਿਆਨੀ ਗਿਆਨ ਸਿੰਘ ਦੀ ਇਸ ਪੰਕਤੀ "**ਗੁਰੁ ਗਰੰਥ ਜੀ ਮਾਨਿਉ ਪ੍ਰਗਟ ਗੁਰਾਂ ਕੀ ਦੇਹ**" ਨੂੰ ਐਸਾ ਪ੍ਰਚਾਰਨਾ ਕਰਨਾ ਕੀਤਾ, ਕਿ ਅੱਜ ਦੇ ਸਿੱਖ ਸਮਾਜ ਵਿੱਚ ਇਹ ਧਾਰਨਾ ਪੱਕੀ ਤਰਾਂ ਸਿੱਖ ਸਮਾਜ ਦੇ ਲੋਕਾਂ ਦੇ ਦਿਮਾਗਾਂ ਵਿੱਚ ਪੱਕੀ ਵਾੜ ਦਿੱਤੀ ਕਿ ( 'ਗੁਰੂ ਗਰੰਥ ਦੇਹ ਸਰੂਪ ਹੈ' )। ਜੋ ਹੁਣ ਸਿੱਖ ਲੋਕਾਂ ਦੇ ਦਿਮਾਗਾਂ ਵਿਚੋਂ ਨਹੀਂ ਨਿਕਲ ਰਹੀ।

- ਲੋਕ ਅੱਜ ਵੀ ਸਬਦ ਗੁਰੁ ਗਰੰਥ ਸਾਹਿਬ ਜੀ ਨੂੰ 'ਦੇਹ' ਮੰਨਕੇ ਹੀ ਇਸ ਦੀ ਪੂਜਾ ਅਰਚਨਾ ਕਰ ਰਹੇ ਹਨ।

- ਇਸੇ ਕਰਕੇ ਸਬਦ ਗੁਰੁ ਗਰੰਥ ਸਾਹਿਬ ਜੀ ਦੇ ਪੰਨਿਆਂ ਨੂੰ 'ਅੰਗ' ਕਹਿ ਕੇ ਪੁਕਾਰਦੇ ਹਨ। ਜੇ ਕੋਈ ਮੇਰੇ ਵਰਗਾ 'ਅੰਗ' ਦੀ ਜਗਹ 'ਪੰਨਾ' ਲਿੱਖ ਦੇਵੇ ਤਾਂ ਲੋਕ ਸਵਾਲ ਖੜ੍ਹੇ ਕਰਨ ਲੱਗ ਜਾਂਦੇ ਹਨ।

- ਜਿਆਦਾਤਰ ਸਿੱਖ ਸਮਾਜ ਦੇ ਲੋਕ 'ਗਿਆਨ' ਲੈਣ ਲਈ ਗੁਰਦੁਆਰੇ ਨਹੀਂ ਜਾਂਦੇ, ਉਹ ਕੇਵਲ ਆਪਣੀ ਮੰਨਤਾਂ ਮਨਾਉਣ ਲਈ ਰਿਸ਼ਵਤ ਲੈਕੇ ਜਾਂਦੇ ਹਨ। ਪੂਜਾ ਕਰਨ ਜਾਂਦੇ ਹਨ। ਆਪਣੀਆਂ ਖੁਆਹਸਾਂ, ਕਾਮਨਾਵਾਂ, ਇੱਛਿਆਵਾਂ ਦੀਆਂ ਪੂਰਤੀ ਲਈ ਪੁਜਾਰੀ ਦੇ ਘੜੇ 'ਰੱਬ' ਅੱਗੇ ਲੇਲੜੀਆਂ ਕੱਢਦੇ ਹਨ।

- ਸਬਦ ਗੁਰੂ ਨੂੰ 'ਦੇਹ' ਮੰਨਣ ਕਰਕੇ ਸਾਰੇ ਆਮ-ਖਾਸ ਗੁਰਦੁਆਰੇ ਕਰਮਕਾਂਡ ਦੇ ਅੱਡੇ ਬਣ ਗਏ ਹਨ।

- ਇਹਨਾਂ ਅਸਥਾਨਾਂ ਵਿੱਚ ਕੀਤੇ ਜਾ ਰਹੇ ਕਰਮਕਾਂਡਾਂ ਦਾ ਕੋਈ ਸਿਰਾ ਨਹੀਂ ਹੈ। ਹਰ ਤਰਾਂ ਦਾ ਬ੍ਰਾਹਮਣੀ ਕਰਮਕਾਂਡ ਜੋ ਬ੍ਰਾਹਮਣ ਆਪਣੇ ਧਰਮ ਅਸਥਾਨਾਂ ਵਿੱਚ ਕਰਦਾ ਹੈ ਉਹ ਸਾਰੇ ਸਾਡੇ ਕੇਸਾਧਾਰੀ ਭੇਖੀ ਪੂਜਾਰੀ ਆਪ ਕਰਦੇ ਹਨ ਅਤੇ ਆਮ ਲੋਕਾਂ ਨੂੰ ਇਹ ਕਰਮਕਾਂਡ ਕਰਨ ਲਈ ਉਕਸਾਉਂਦੇ ਹਨ। ਇਸੇ ਲਈ ਸਿੱਖ ਸਮਾਜ ਦੇ ਹਰ ਘਰ ਵਿੱਚ ਇਹ ਕਰਮਕਾਂਡ ਹੁੰਦੇ ਵੇਖੇ ਜਾ ਸਕਦੇ ਹਨ।

**** ** 'ਸਬਦ ਗੁਰੂ ਗਰੰਥ' ਨੂੰ 'ਦੇਹ' ਮੰਨਣ ਕਰਕੇ ਹੀ:**

- ਸਿਆਲਾਂ ਦੇ ਮੌਸਮ ਵਿੱਚ 'ਸਬਦ ਗੁਰੂ ਗਰੰਥ' ਉੱਪਰ ਮੋਟੇ ਮੋਟੇ ਕੰਬਲ ਦੇਣਾ, ਜਿਸ ਤਰਾਂ 'ਸਬਦ ਗੁਰੂ' ਨੂੰ ਬਹੁਤ ਜੋਰਾਂ ਦੀ ਸਰਦੀ ਮਹਿਸੂਸ ਹੁੰਦੀ ਹੋਵੇ।

- ਕਮਰਾ ਗਰਮ ਕਰਨ ਲਈ ਬਿਜਲੀ ਦੇ ਹੀਟਰ ਚਲਾਉਣਾ,

- ਅਤੇ ਗਰਮੀ ਦੇ ਮੌਸਮ ਵਿੱਚ ਕਮਰਾ ਠੰਡਾ ਕਰਨ ਲਈ ਏ. ਸੀ. ਲਾਉਣਾ ਕੋਰੀ ਮੰਨਮੱਤ ਹੈ।

- ਇਹਨਾਂ ਬਿਜਲਈ ਯੰਤਰਾਂ ਦੇ ਲਾਉਣ ਕਾਰਨ ਗੁਰਦੁਆਰਿਆਂ ਵਿੱਚ ਕਿੰਨੀਆਂ ਅੱਗ ਲਗਣ ਦੀਆਂ ਘਟਨਾਵਾਂ ਹੋ ਚੁਕੀਆਂ ਹਨ, ਅਤੇ ਆਉਣ ਵਾਲੇ ਸਮੇਂ ਵਿੱਚ ਹੁੰਦੀਆਂ ਰਹਿਣਗੀਆਂ।

- ਹਜ਼ਾਰਾਂ ਹੀ 'ਸਬਦ ਗੁਰੁ ਗਰੰਥ ਸਾਹਿਬ ਜੀ' ਦੀਆਂ ਬੀੜਾਂ ਸੜ ਕੇ ਸੁਆਹ ਹੋ ਚੁੱਕੀਆਂ ਹਨ। ਆਉਣ ਵਾਲੇ ਸਮੇਂ ਵਿੱਚ ਇਹਨਾਂ ਮੰਨਮੱਤਾਂ ਕਰਕੇ, ਅਗਰ ਨਾ ਰੋਕੀਆਂ ਗਈਆਂ ਤਾਂ 'ਸਬਦ ਗੁਰੁ ਗਰੰਥ ਸਾਹਿਬ ਜੀ' ਦੀਆਂ ਬੀੜਾਂ ਸੜ ਕੇ ਸੁਆਹ ਹੁੰਦੀਆਂ ਰਹਿਣਗੀਆਂ।

- 'ਸਬਦ ਗੁਰੁ ਗਰੰਥ' ਕੋਈ ਦੇਹ ਨਹੀਂ, ਕੋਈ ਸਰੀਰ ਨਹੀਂ, ਜਿਸਨੋ ਸਿਆਲਾਂ ਵਿੱਚ ਠੰਡ ਲੱਗਦੀ ਹੋਵੇ ਅਤੇ ਗਰਮੀਆਂ ਦੇ ਮੌਸਮ ਵਿੱਚ ਗਰਮੀ ਲੱਗਦੀ ਹੋਵੇ।

- ਇਹਨਾਂ ਮੌਸਮਾਂ ਦੀ ਤਬਦੀਲੀ ਦਾ ਅਸਰ ਜਿਉਂਦੇ-ਜਾਗਦੇ ਮਨੁੱਖਾ-ਸਰੀਰਾਂ ਜਾਂ ਕਿਸੇ ਹੋਰ ਜਿਉਂਦੇ-ਜਾਗਦੇ ਜੀਵ-ਜੰਤਊਂ, ਪਸੂਆਂ-ਪੰਛੀਆਂ, ਜਾਨਵਰਾਂ, ਬੇਲਾਂ ਪੇੜਾਂ-ਪੌਦਿਆਂ ਨੂੰ ਹੀ ਪ੍ਰਵਾਵਿੱਤ ਕਰ ਸਕਦਾ ਹੈ,

- ਨਾ ਕੇ ਕਿਸੇ ਤਰਾਂ ਦੀਆਂ ਬੇਜ਼ਾਨ ਵਸਤੂਆਂ ਜਾਂ ਚੀਜ਼ਾਂ ਨੂੰ। (ਜਿਵੇਂ ਮਿੱਟੀ, ਪਹਾੜ, ਸੀਸ਼ਾ, ਪੱਥਰ, ਧਾਤੂਆਂ, ਕਾਗਜ਼, ਸੁੱਕੀ-ਲੱਕੜ, ਪਾਣੀ, ਪਲਾਸਟਿਕ ਆਦਿ-ਆਦਿ।)

- ਬੇਜ਼ਾਨ ਚੀਜ਼ਾਂ-ਵਸਤਾਂ ਉੱਪਰ ਵੀ ਮੌਸਮੀ ਤਬਦੀਲੀ ਦਾ ਅਸਰ ਵੇਖਣ ਵਿੱਚ ਆਉਂਦਾ ਹੈ। ਬਹੁਤ ਲੰਬੇ ਬਾਅਦ ਇਹਨਾਂ ਬੇਜ਼ਾਨ ਚੀਜ਼ਾਂ-ਵਸਤੂਆਂ ਦੀਆਂ ਸਕਲਾਂ-ਸੂਰਤਾਂ, ਰੰਗਾਂ ਵਿੱਚ ਬਦਲਾਅ ਨਜ਼ਰ ਆਉਂਦਾ ਹੈ। ਇਹ ਬੇਜ਼ਾਨ ਚੀਜ਼ਾਂ ਵਸਤੂਆਂ ਸਰਦੀਆਂ ਦੇ ਮੌਸਮ ਵਿੱਚ ਸਰਦ/ਠੰਡੀਆਂ ਹੋ ਜਾਂਦੀਆਂ ਹਨ, ਸੁਕੜ ਜਾਂਦੀਆਂ ਹਨ। ਗਰਮੀਆਂ ਦੇ ਮੌਸਮ ਵਿੱਚ ਗਰਮ, ਤੱਪਣ ਲੱਗ ਜਾਂਦੀਆਂ ਹਨ, ਫੈਲ ਜਾਂਦੀਆਂ ਹਨ।

- ਬੇਜ਼ਾਨ ਚੀਜ਼ਾਂ ਵਸਤਾਂ ਵਿੱਚ 'ਚੇਤਨਤਾ', ਨਾ ਹੋਣ ਕਰਕੇ ਇਸ ਮੌਸਮੀ ਬਦਲਾਅ ਦੇ ਉਤਰਾਅ-ਚੜਾਅ ਨੂੰ ਮਹਿਸੂਸ ਨਹੀਂ ਕਰ ਸਕਦੀਆਂ।
- ਇਹ ਕੁੱਦਰਤੀ ਸੱਚਾਈਆਂ 'ਕੁੱਦਰਤ' ਦੇ ਬਣਾਏ ਅਟੱਲ 'ਵਿਧੀ-ਵਿਧਾਨਾ', ਨਿਯਮਾਂ, ਅਸੂਲਾਂ ਦੇ ਤਹਿਤ ਵਾਪਰਦੀਆਂ ਹਨ।
- ਬੇਜ਼ਾਨ, ਬਿਨਾਂ 'ਚੇਤਨਤਾ' ਵਾਲੀਆਂ ਚੀਜ਼ਾਂ ਵਸਤਾਂ ਦੀ ਤੁਲਨਾ "ਚੇਤਨਤਾ" ਵਾਲੇ ਮਨੁੱਖਾਂ, ਜੀਵ-ਜੰਤਆਂ, ਪਸੂਆਂ-ਪੰਛੀਆਂ, ਜਾਨਵਰਾਂ, ਬੇਲਾਂ ਪੇੜਾਂ-ਪੌਦਿਆਂ ਵਾਂਗ ਕਰਨਾ ਤਾਂ ਕੋਰੀ **ਅਗਿਆਨਤਾ ਹੀ ਹੈ, ਅਨਪੜ੍ਹਤਾ ਹੈ, ਗਿਆਨ ਲੈਣ ਪ੍ਰਤੀ ਉਦਾਸੀਨਤਾ ਹੈ।।**
- **ਬੇਜ਼ਾਨ, ਬਿਨਾਂ 'ਚੇਤਨਤਾ' ਵਾਲੀਆਂ ਚੀਜ਼ਾਂ ਵਸਤਾਂ ਦੀ ਸਾਂਭ-ਸੰਭਾਲ ਦੇਖਭਾਲ ਕਰਨਾ ਜਰੂਰੀ ਹੈ, ਪਰ ਇਸ ਕਾਰ ਵਿਹਾਰ ਵਿੱਚ 'ਚੇਤਨਤਾ' ਵਾਲੇ ਜੀਵਾਂ ਦੇ ਅਨੁਸਾਰ ਮੰਨਮੱਤਾਂ ਕਰਮਕਾਂਡ ਕਰਨੇ ਤਾਂ ਕੋਰੀ ਅਨਪੜ੍ਹਤਾ, ਅਗਿਆਨਤਾ ਹੀ ਕਹਿਲਾਵੇਗੀ।**
- **'ਸਬਦ ਗੁਰੂ ਗਰੰਥ ਸਾਹਿਬ ਜੀ' ਦੀ ਬੀੜ ਦਾ ਸਤਿਕਾਰ, ਸਾਂਭ-ਸੰਭਾਲ ਕਰਨਾ ਜਰੂਰੀ ਹੈ ਤਾਂ ਜੋ ਇਹ 'ਗਿਆਨ ਦਾ ਖ਼ਜਾਨਾ' ਸਾਡੀਆਂ ਆਉਣ ਵਾਲੀਆਂ ਨਵੀਆਂ ਪੀੜ੍ਹੀਆਂ ਤੱਕ ਸੁਰੱਖਿਤ ਪਹੁੰਚਦਾ ਰਹੇ।**
- **'ਸਬਦ ਗੁਰੂ ਗਰੰਥ ਸਾਹਿਬ ਜੀ' ਨੂੰ ਕੇਵਲ ਪੂਜਣਾ ਨਾ ਕਰੀਏ, ਬਲਕਿ ਇਸਨੂੰ ਪੜ੍ਹਕੇ ਗਿਆਨ ਲੈਣਾ ਕਰੀਏ, ਅਤੇ ਉਸ ਗਿਆਨ ਦਾ ਪ੍ਰਚਾਰ-ਪ੍ਰਸਾਰ ਕਰੀਏ।**

**** ** 'ਸਬਦ ਗੁਰੂ ਗਰੰਥ ਜੀ' ਦੇ ਬਿਨਾਂ ਪ੍ਰਕਾਸ਼ ਕੀਤੇ ਪੀਹੜੈ, ਪਾਲਕੀ ਜਾਂ ਥੱੜੇ ਨੂੰ ਮੱਥੇ ਟੇਕਣਾ।**



** ਮਨੁੱਖਾ ਸਮਾਜ ਵਿੱਚ ਆਪਣੇ ਤੋਂ ਵਡੇਰੀ ਉੱਮਰ ਅਤੇ ਰੁਤਬੇ ਵਿੱਚ ਆਪਣੇ ਤੋਂ ਵੱਡਿਆਂ ਦਾ ਆਦਰ ਮਾਣ ਸਤਿਕਾਰ ਕਰਨਾ, ਇੱਕ ਸਤਿਕਾਰਤ ਕਰਮ ਪਰਵਾਨਿਆ ਗਿਆ ਹੈ, ਮੰਨਿਆ ਗਿਆ ਹੇ। ਇਸੇ ਲਈ ਆਪਣੇ ਤੋਂ ਵੱਡਿਆਂ ਬਜ਼ੁੱਰਗਾਂ, ਮਾਤਾ-ਪਿਤਾ ਦੇ ਪੈਂਰੀ ਹੱਥ ਲਗਾਇਆ ਜਾਂਦਾ ਹੈ, ਪੈਰੀ-ਪੈਨਾ ਕਿਹਾ ਜਾਂਦਾ ਹੈ। ਉਹਨਾਂ ਤੋਂ ਅਸੀਸ ਲਈ ਜਾਂਦੀ ਹੈ, ਅਸ਼ੀਰਵਾਦ ਲਿਆ ਜਾਂਦਾ ਹੈ। ਉਹਨਾਂ ਤੋਂ ਸੁਮੱਤ-ਅਕਲ-ਮੱਤ-ਬੁੱਧ ਲਈ ਜਾਂਦੀ।

- 'ਸਬਦ ਗੁਰੁ ਗਰੰਥ ਸਾਹਿਬ ਜੀ' ਸਿੱਖ ਸਮਾਜ ਦੇ ਸਤਿਕਾਰਤ 'ਸਬਦ ਗੁਰੁ ਗਰੰਥ ਸਾਹਿਬ' ਜੀ ਹਨ। ਉਹਨਾਂ ਦੇ ਸਤਿਕਾਰ ਲਈ ਸਾਰਾ ਸਿੱਖ ਸਮਾਜ ਉਹਨਾਂ ਦੇ ਸਾਹਮਣੇ ਨਤ-ਮੱਸਤਕ ਹੁੰਦਾ ਹੈ, ਸੀਸ ਝਕਾਉਂਦਾ ਹੈ। 'ਗਿਆਨ-ਚਾਨਣ ਲੈਣ ਲਈ ਚਰਨੀ ਆਪਣਾ ਸਿਰ ਝਕਾਉਂਦਾ ਹੈ। "ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ॥" ਮ3॥ 67॥

- ਕਿਸੇ ਦੇ ਸਾਹਮਣੇ ਸਤਿਕਾਰ ਸਹਿਤ ਸੀਸ ਝਕਾਉਣ, ਨਤ-ਮਸਤਕ ਹੋਣ ਦਾ ਮਤਲਬ ਹੈ, ਉਸਦੀ ਅਧੀਨਗੀ ਪ੍ਰਵਾਨ ਕਰਨੀ, ਕਬੂਲ ਕਰਨੀ, ਆਪਣਾ-ਆਪ ਨੂੰ ਸਮਰਪੱਤ ਕਰਨਾ।

- **ਪ੍ਰਕਾਸ਼ ਕੀਤੇ ਹੋਏ 'ਸਬਦ ਗੁਰੁ ਗਰੰਥ ਸਾਹਿਬ ਜੀ' ਦੇ ਸਾਹਮਣੇ ਸੀਸ ਝਕਾਉਣ, ਨਤ-ਮਸਤਕ ਹੋਣ ਨਾਲ ਅਸੀਂ 'ਸਬਦ ਗੁਰੂ ਗਿਆਨ' ਨੂੰ ਅਪਨਾਉਣਾ ਲੋਚਦੇ ਹਾਂ, ਗਿਆਨ ਲੈਣਾ ਚਹੁੰਦੇ ਹਾਂ, ਆਪਣਾ 'ਗੁਰੂ' ਗਿਆਨ-ਦਾਤਾ ਮੰਨਦੇ ਹਾਂ। ਇਹ 'ਗਿਆਨ', ਜਾਣਕਾਰੀ 'ਸਬਦ ਗੁਰੁ ਗਰੰਥ ਸਾਹਿਬ ਜੀ' ਨੂੰ ਪੜ੍ਹ ਕੇ ਲਈ ਜਾ ਸਕਦੀ ਹੈ। ਪੜ੍ਹਕੇ, ਸੁਣਕੇ, ਮੰਨਕੇ, ਵਿਚਾਰ ਕੇ ਹੀ ਆਪਣੇ ਆਪ ਨੂੰ 'ਸਚਿਆਰ' ਸਿੱਖ ਵਾਲੇ ਪੰਧ ਉੱਪਰ ਚਲਾਉਣਾ ਕੀਤਾ ਜਾ ਸਕਦਾ ਹੈ।**

- ਅਗਰ ਪੀਹੜੈ ਜਾਂ ਪਾਲਕੀ ਵਿੱਚ 'ਸਬਦ ਗੁਰੁ ਗਰੰਥ ਸਾਹਿਬ ਜੀ' ਦਾ ਪ੍ਰਕਾਸ਼ ਨਹੀਂ ਕੀਤਾ ਗਿਆ ਤਾਂ ਖਾਲੀ ਪਾਲਕੀ ਜਾਂ ਥੱੜੇ ਨੂੰ ਮੱਥਾ ਟੇਕਣ ਦਾ ਕੀ ਮਕਸਦ ਹੋਇਆ? ? ?

- ਸਿੱਖ-ਸੰਗਤਾਂ ਵਿੱਚ 'ਗੁਰਮੱਤ-ਗਿਆਨ-ਵਿਚਾਰ' ਅਨੁਸਾਰੀ ਸੋਝੀ ਦੀ ਕਮੀ ਹੋਣ ਕਰਕੇ ਇਸ ਮੰਨਮੱਤ ਨੂੰ ਆਮ ਸਾਰਿਆਂ ਗੁਰਦੁਆਰਿਆਂ ਵਿੱਚ ਵੇਖਿਆ ਜਾ ਸਕਦਾ ਹੈ।

- ਆਮ ਘਰਾਂ ਵਿੱਚ 'ਗੁਰਮੱਤ' ਪਰੋਗਰਾਮ ਤੋਂ ਬਾਦ 'ਸਬਦ ਗੁਰੁ ਗਰੰਥ ਸਾਹਿਬ ਜੀ' ਦਾ 'ਸੁੱਖ ਆਸਣ' ਕਰ ਦਿੱਤਾ ਜਾਂਦਾ ਹੈ। ਸਿੱਖ-ਸੰਗਤਾਂ ਤਾਂ ਜਿਆਦਾ ਝੁਕਾਅ ਤਾਂ ਸਮਾਪਤੀ ਵੇਲੇ ਹੀ ਆਉਣ ਦਾ ਬਣਿਆ ਹੋਇਆ ਹੈ। 'ਗੁਰਮੱਤ-ਗਿਆਨ' ਦੀ ਜਾਣਕਾਰੀ ਨਾ ਹੋਣ ਕਰਕੇ ਸਮਾਪਤੀ ਤੋਂ ਬਾਅਦ ਆ ਰਹੀਆਂ ਸੰਗਤਾਂ ਪੀਹੜੈ ਜਾਂ ਪਾਲਕੀ ਨੂੰ ਮੱਥੇ ਟੇਕੀ ਜਾ ਰਹੀਆਂ ਹੁੰਦੀਆਂ ਹਨ।

- ਜਦ ਕਿ ਸਿੱਖ ਜਦ ਵੀ ਨਤਮਸਤੱਕ ਹੁੰਦਾ ਹੈ ਤਾਂ ਆਪਣੇ ਗਿਆਨ ਦੇ ਦਾਤੇ ਅੱਗੇ ਨਤਮਸਤੱਕ ਹੁੰਦਾ ਹੈ ਜਦ ਗੁਰੁ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੁੰਦਾ ਹੈ।

- ਗੁਰਦੁਆਰਿਆਂ ਵਿੱਚ ਸੰਗਤਾਂ ਆਮ ਹੀ ਲੇਟ ਪਹੁੰਚਦੀਆਂ ਹਨ। ਬੱਸ ਗੋਲਕ ਵਿੱਚ ਪੈਸੇ ਪਾ ਕੇ ਖਾਲੀ ਥੱੜੇ ਨੂੰ ਨਮਸਕਾਰਾਂ ਕਰੀ ਜਾਣਗੇ। ਪਰਕਰਮਾਂ ਕਰੀ ਜਾਣਗੇ।

- ਨਤਮਸਤੱਕ ਹੋਣ ਦਾ ਮਤਲਬ ਹੈ, ਕਿ ਐ! ! ਗੁਰੂ ਜੀ ਮੈਂ ਆਪ ਜੀ ਦੁਆਰਾ ਦਿੱਤੇ 'ਗੁਰਮੱਤ-ਗਿਆਨ' ਨੂੰ ਆਪਣੇ ਜੀਵਨ ਵਿੱਚ ਲਾਗੂ ਕਰੂੰਗਾ ਜਾਂ ਕਰੂੰਗੀ।

- ਕਿਸੇ ਵਹਿਮ, ਭਰਮ, ਅਡੰਬਰ, ਮੰਨਮੱਤ ਜਾਂ ਕਰਮਕਾਂਡ ਨਹੀਂ ਕਰੂੰਗਾ/ਕਰੂੰਗੀ।

**** 'ਸਬਦ ਗੁਰੂ ਗਰੰਥ ਸਾਹਿਬ ਜੀ' ਅੱਗੇ ਪਾਣੀ ਦਾ ਛਿੜਕਾਵ ਕਰਨਾ।**

ਇਹ ਮੰਨਮੱਤ ਰਾਹੀਂ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਅਗਰ ਗੁਰੁ ਗਰੰਥ ਸਾਹਿਬ ਜੀ ਗੁਰਦੁਆਰੇ ਤੋਂ ਬਾਹਰ ਜਾਂਦੇ ਹਨ, ਤਾਂ ਉਹਨਾਂ ਦਾ ਰਸਤਾ ਪਾਣੀ ਛਿੜਕ ਕੇ ਪਵਿਤੱਰ ਕੀਤਾ ਜਾਏ। ਕੀ ਇਹ ਪਾਣੀ ਦਾ ਛਿੱਟਾ ਦੇਣ ਨਾਲ ਪਵਿਤੱਰਤਾ ਬਹਾਲ ਹੋ ਜਾਂਦੀ ਹੈ? ? ?

ਹੈ ਨਾ ਕੋਰੀ ਮੰਨਮੱਤ। ਪਰ ਕੌਣ ਕਹੇ 'ਰਾਣੀ ਅੱਗਾ ਢੱਕ'। ਕਿਉਂਕਿ ਸਾਰੇ ਤਾਂ ਇਹਨਾਂ ਮੰਨਮੱਤਾਂ ਵਿੱਚ ਗਲਤਾਨ ਹਨ।




- ਕੱਚਿਆਂ ਰਸਤਿਆਂ ਰਾਹੀਂ 'ਸਬਦ ਗੁਰੁ ਗਰੰਥ ਸਾਹਿਬ ਜੀ' ਦੀ ਸਵਾਰੀ ਲੈ ਕੇ ਜਾਣ ਸਮੇਂ ਕਾਫੀ ਮਿੱਟੀ, ਘੱਟਾ, ਧੁੱਧਲ ਰੱਸਤੇ ਵਿੱਚ ਉੱਡਦੀ ਹੈ। ਇਹ ਉੱਡਦੀ ਮਿੱਟੀ-ਧੁੱਧਲ 'ਸਬਦ ਗੁਰੁ ਗਰੰਥ ਸਾਹਿਬ ਜੀ' ਦੀ ਸਵਾਰੀ ਲੈ ਕੇ ਜਾਣ ਵਾਲਿਆਂ ਵਾਸਤੇ ਪਰੇਸ਼ਾਨੀ ਦਾ ਸਬੱਬ ਬਣਦੀ ਹੈ। ਨਾਲ ਨਾਲ ਸਾਰਿਆਂ ਦੇ ਪਾਏ ਕੱਪੜਿਆਂ ਅਤੇ 'ਸਬਦ ਗੁਰੂ ਗਰੰਥ ਸਾਹਿਬ ਜੀ' ਉੱਪਰ ਪਾਏ ਬਸਤਰਾਂ ਉੱਪਰ ਵੀ ਪੈਂਦੀ ਹੈ।
- ਇਸ ਉੱਡਦੀ ਮਿੱਟੀ-ਧੁੱਧਲ ਨੂੰ ਦਬਾਉਣ ਦੀ ਖਾਤਰ ਕੱਚੇ ਰੱਸਤਿਆਂ ਵਿੱਚ ਪਾਣੀ ਦਾ ਛਿੜਕਾਵ ਕੀਤਾ ਜਾਂਦਾ ਸੀ, ਤਾਂ ਜੋ ਪਾਣੀ ਦੇ ਨਾਲ ਇਹ ਉਡਦੀ ਮਿੱਟੀ ਧੁੱਧਲ ਜਮ ਜਾਵੇ।
- ਬਾਹਰ ਕੱਚੇ ਰਸਤਿਆਂ ਉੱਪਰ ਪਾਣੀ ਦਾ ਛਿੜਕਾਵ ਕਰਨਾ ਤਾ ਜਾਇਜ਼ ਹੈ, ਇਸ ਪਿੱਛੇ ਲੌਜ਼ਿਕ ਹੈ, ਕਾਰਨ ਹੈ।
- ਪਰ ਗੁਰਦੁਆਰਿਆਂ ਦੇ ਅੰਦਰ ਜਿਥੇ ਗੱਦੇ ਚਾਂਦਰਾਂ ਵਿਛਾਈਆਂ ਹੁੰਦੀਆਂ ਹਨ, ਉਥੇ ਵੀ 'ਸਬਦ ਗੁਰੂ ਗਰੰਥ ਸਾਹਿਬ ਜੀ, ਦੀ ਸਵਾਰੀ ਲੈ ਕੇ ਜਾਣ ਜਾਂ ਲੈ ਕੇ ਆਉਣ ਸਮੇਂ ਪਾਣੀ ਦਾ ਛਿੜਕਾਵ ਕੀਤਾ ਜਾਣਾ **ਕੋਰੀ ਮੰਨਮੱਤ ਨਹੀਂ ਤਾਂ ਹੋਰ ਕੀ ਹੈ? ? ?**
- ਸਿੱਖ ਸਮਾਜ ਅੱਜ ਕੱਲ ਸਰਮਾਏਦਾਰੀ ਵਿੱਚ ਬਹੁਤ ਅੱਗੇ ਆ ਚੁਕਿਆ ਹੈ। ਬਹੁਤਿਆਂ ਦੇ ਪਾਸ ਬਹੁਤ ਮਹਿੰਗੀਆਂ ਮਹਿੰਗੀਆਂ ਕਾਰਾਂ ਹਨ। ਇਹ ਅਮੀਰਜਾਦੇ ਆਪਣੇ ਘਰੇ 'ਸਬਦ ਗੁਰੁ ਗਰੰਥ ਸਾਹਿਬ ਜੀ' ਦੀ ਸਵਾਰੀ ਲੈ ਜਾਣ ਸਮੇਂ ਆਪਣੀਆਂ ਮਹਿੰਗੀਆਂ ਕਾਰਾਂ ਦੀ ਵਰਤੋਂ ਕਰਦੇ ਹਨ। ਤਾਂ ਵੀ ਪਾਣੀ ਦਾ ਜੱਗ ਭਰ ਕੇ ਨਾਲ ਕਾਰ ਵਿੱਚ ਰੱਖ ਲੈਦੇ ਹਨ। ਆਪਣੇ ਘਰ ਅੰਦਰ ਜਾ ਕੇ ਵੀ ਇਹ ਪਾਣੀ ਦਾ ਛਿੜਕਾਵ ਕਰਦੇ ਹਨ। **ਕੀ ਘਰ ਦੇ ਅੰਦਰ ਵੀ ਮਿੱਟੀ-ਘਟਾ ਉੱਡ ਰਿਹਾ ਹੈ? ?**

**** ਦੇਸੀ ਘਿਉ ਦੇ ਦੀਵੇ ਜੋਤਾਂ ਜਗਾਉਣੀਆਂ ਅਤੇ ਲਗਾਤਾਰ ਜਗਾ ਕੇ ਰੱਖਣੀਆਂ।**

ਲ਼ੋਕ ਇਸ ਮੰਨਮੱਤ ਰਾਂਹੀ, ਬੱਲਦੀ ਜੋਤ ਚੋਂ ਨਿਕਲਦੇ ਧੂੰਏਂ ਨੂੰ ਆਪਣੇ ਹੀ ਹੱਥਾਂ ਰਾਹੀਂ ਆਪਣੇ ਮੂੰਹ ਉੱਪਰ ਮਲਦੇ ਹਨ। ਮੂੰਹ ਕਾਲਾ ਕਰਦੇ ਹਨ। ਪਰ ਫਿਰ ਭੀ ਆਪਣੇ ਆਪ ਨੂੰ ਵਡਭਾਗੀ, ਕਿਰਪਾ ਦੇ ਪਾਤਰ ਸਮਝਦੇ ਹਨ।

** ਕਿਤਡਾ ਵੱਡਾ ਭਰਮ ਹੈ। ਲੇਕਿੰਨ ਸਿੱਖ ਸਮਾਜ ਵਿੱਚ ਵੀ ਬ੍ਰਾਹਮਣ ਦੀ ਕਾਪੀ ਕਰਕੇ ਇਹ ਮੰਨਮੱਤ ਲਗਾਤਾਰ ਕੀਤੀ ਜਾ ਰਹੀ ਹੈ। ਦਰਬਾਰ ਸਾਹਿਬ ਅੰਦਰ ਸ਼ਰੇਆਮ ਇਸ ਤਰਾਂ ਦੀ ਜੋਤ ਜਲਾਈ ਜਾ ਰਹੀ ਹੈ। ਬਾਬਾ ਦੀਪ ਸਿੰਘ ਦੇ ਗੁਰਦੁਆਰੇ ਜਲਾਈ ਜਾ ਰਹੀ ਜੋਤ ਦਾ ਕੇਬਿਨ, ਪਿੰਜਰਾ ਤਾਂ ਪੂਰੇ ਦਾ ਪੂਰਾ ਕਾਲਾ ਹੋਇਆ ਹੁੰਦਾ ਹੈ। ਤਾਂ ਵੀ ਲੋਕ ਜੋਤ ਵਿਚੋਂ ਧੂੰਏਂ ਦੀ ਕਿਰਪਾ ਲੈਣੀ ਨਹੀਂ ਭੁੱਲਦੇ।




** ਗੁਰਮੱਤ ਫਲਸ਼ਫੇ ਦੇ ਅਨੁਸਾਰ 'ਗੁਰਬਾਣੀ' ਪੜ੍ਹ-ਸੁਣ ਕੇ 'ਗੁਰਬਾਣੀ' ਦੇ 'ਗਿਆਨ' ਨੂੰ ਮੰਨਣ ਦੀਆਂ ਹਦਾਇੱਤਾਂ ਤਾਂ ਹਨ। **ਕਰਮਕਾਂਡ, ਮੰਨਮੱਤਾਂ, ਅਡੰਬਰ, ਵਹਿਮ, ਭਰਮ ਪਾਖੰਡ ਕਰਨ ਕਰਾਉਣ ਤੋਂ ਮਨਾਹੀ ਹੈ।**

** ਆਇਓ ਸੁਨਨ ਪੜਨ ਕਉ ਬਾਣੀ॥ ਮ5॥ 1219॥

"ਸੁਣੀਐ ਪੜਿ ਪੜਿ ਪਾਵਹਿ ਮਾਨੁ॥ ਮ1॥ 3॥

** ਜੋ ਸੁਨਣਾ ਸੋ ਪ੍ਰਭ ਕੀ ਬਾਨੀ॥ ਮ5॥ 1080॥

- ਪਰ ਆਹ ਦੇਸੀ ਘਿਉ ਦੀ ਜੋਤਾਂ ਜਗਾਉਣ ਬਾਰੇ 'ਗੁਰਬਾਣੀ' ਵਿੱਚ ਕੋਈ ਹਦਾਇਤ ਨਹੀਂ ਹੈ।
- ਇਹ ਕੋਰੀ ਮੰਨਮੱਤ ਬ੍ਰਾਹਮਣੀ/ਸਨਾਤਨੀ ਸਮਾਜ ਦੀ ਦੇਣ ਹੈ।
- ਜੋ ਸਾਡੇ ਕੇਸਾਧਾਰੀ ਪੁਜਾਰੀਆਂ ਨੇ ਬ੍ਰਾਹਮਣ ਦੀ ਨਕਲ ਮਾਰ ਲਈ ਹੈ।
- ਪੁਰਾਣੇ ਸਮਿਆਂ ਵਿੱਚ ਭਾਵ ਸਾਲ 1720-25 ਤੋਂ ਬਾਅਦ ਵਿੱਚ ਮੁਗਲ ਸਾਮਰਾਜ ਦੇ ਤਸਦੱਦ ਵਧੀਕੀਆਂ ਦੇ ਕਰਕੇ ਸਿੰਘਾਂ-ਸਿੰਘਨੀਆਂ ਨੂੰ ਜੰਗਲਾਂ ਬੇਲਿਆਂ ਵਿੱਚ ਰਹਿਣਾ ਪੈਂਦਾ ਸੀ। ਉਸ ਸਮੇਂ ਹਰ ਸਿੱਖ –

ਗੁਰਸਿੱਖ, ਸਿੰਘਾਂ-ਸਿੰਘਨੀਆਂ ਨੂੰ ਬਾਣੀ ਪੜ੍ਹਨ ਦਾ ਸ਼ੌਕ ਬੜਾ ਸੁਭਾਵਿੱਕ ਸੀ। ਜੰਗਲਾਂ ਬੇਲਿਆਂ ਵਿੱਚ ਰਹਿਣ ਕਰਕੇ ਸਿੰਘ ਜੱਥਿਆਂ ਦੇ ਰੂਪ ਵਿੱਚ ਰਹਿੰਦੇ ਸਨ। ਕਿਸੇ ਟਾਵੇਂ-ਟਾਵੇਂ ਜੱਥੇ ਦੇ ਪਾਸ ਹੀ 'ਸਬਦ ਗੁਰੂ ਗਰੰਥ ਸਾਹਿਬ ਜੀ' ਦੀ ਬੀੜ ਹੁੰਦੀ ਸੀ। ਜਦੋਂ ਵੀ ਸਮਾਂ ਮਿਲਦਾ 'ਸਬਦ ਗੁਰੂ ਗਰੰਥ ਸਾਹਿਬ ਜੀ' ਦੀ ਬੀੜ ਲਿਆ ਕੇ ਬਾਣੀ ਪੜ੍ਹਨਾ ਸੁਰੂ ਕਰ ਦਿੰਦੇ।

- **(ਸਾਇਦ ਇਹਨਾਂ ਸਮਿਆਂ ਵਿੱਚ ਹੀ ਲਗਾਤਾਰ ਬਾਣੀ ਪੜ੍ਹਨ {ਅਖੰਡਪਾਠ} ਦੀ ਰਵਾਇਤ ਦੀ ਸੁਰੂਆਤ ਹੋਈ ਲੱਗਦੀ ਹੈ। ਵਰਨਾ 'ਗੁਰਬਾਣੀ' ਵਿੱਚ ਕਿਧਰੇ ਵੀ ਇੱਕ ਰਸਮ ਜਾਂ ਰਵਾਇਤ ਦੇ ਤੌਰ ਤੇ ਲਗਾਤਾਰ ਬਾਣੀ ਪੜ੍ਹਨ (ਅਖੰਡਪਾਠ) ਦੀ ਕੋਈ ਹਦਾਇਤ ਜਾਂ ਸਾਲਾਹ ਨਹੀਂ ਹੈ।**

- **ਇਹ 'ਅਖੰਡਪਾਠ' ਦੀ ਪ੍ਰਚੱਲਤ ਰੀਤ ਵੀ ਸਨਾਤਨੀ ਮੱਤ ਦੇ ਗਰੁੜ-ਪੁਰਾਣ ਦੇ ਲਗਾਤਾਰ ਕੀਤੇ ਜਾਣ ਵਾਲੇ ਪਾਠਾਂ ਦੇ ਅਨੁਸਾਰੀ ਪ੍ਰਚੱਲਤ ਰੀਤੀ ਰਸਮ ਹੈ।)**

- **ਲਗਾਤਾਰ 48 ਘੰਟੇ 'ਗੁਰਬਾਣੀ' ਦਾ ਪਾਠ ਰਟਣ ਕਰਕੇ ਤਾਂ ਕਿਸੇ ਵੀ ਸਿੱਖ-ਗੁਰਸਿੱਖ ਦੇ ਪੱਲੇ ਤਾਂ 'ਗਿਆਨ-ਵਿਚਾਰ' ਦਾ ੳ, ਅ, ਵੀ ਨਹੀਂ ਪੈਂਦਾ। ਆਧਾਰ ਤਾਂ ਹੈ 'ਗੁਰਬਾਣੀ-ਵਿਚਾਰ' :**

- "ਗੁਰਮੁਖਿ ਕਰਨੀ **ਸਬਦੁ ਵੀਚਾਰੁ**", "**ਸੋ ਪੜਿਆ ਸੋ ਪੰਡਿਤੁ ਬੀਨਾ ਗੁਰ ਸਬਦਿ ਕਰੇ ਵੀਚਾਰੁ**"।

- **'ਗੁਰਮੱਤ' ਅਨੁਸਾਰ ਤਾਂ 'ਗੁਰਬਾਣੀ' ਨੂੰ ਸਹਿਜੇ-ਸਹਿਜੇ ਪੜ੍ਹ ਕੇ, ਸੁਣ ਕੇ, ਮੰਨ ਕੇ, ਵਿਚਾਰਨਾ ਹੈ, ਅਤੇ ਆਪਣੇ ਮਨੁੱਖਾ ਜੀਵਨ ਦੇ ਅਮਲਾਂ ਵਿੱਚ ਲਿਆ ਕੇ ਜੀਵਨ-ਜਾਪਣ ਕਰਦੇ ਹੋਏ 'ਸਚਿਆਰਤਾ' ਵਾਲੇ ਰਾਹ ਉੱਪਰ ਚੱਲਣਾ ਹੈ।।**

- ਔਖੇ ਸਮਿਆਂ ਵਿੱਚ ਜਦ ਰਾਤਾਂ ਨੂੰ ਵੀ ਬਾਣੀ ਲਗਾਤਾਰ ਪੜ੍ਹਨੀ ਹੁੰਦੀ ਤਾਂ ਪ੍ਰਕਾਸ਼ ਦੀ ਵੀ ਜਰੂਰਤ ਹੋਵੇਗੀ। ਪ੍ਰਕਾਸ਼ ਕਰਨ ਦਾ ਸਾਧਨ ਕੇਵਲ ਦੀਵਾ-ਬੱਤੀ ਹੀ ਸਨ। ਜੰਗਲਾਂ ਬੇਲਿਆਂ ਵਿੱਚ ਹੋਰ ਕੋਈ ਕਿਸੇ ਤਰਾਂ ਦਾ ਸਾਧਨ ਨਹੀਂ ਸਨ। ਦੀਵਾ-ਬੱਤੀ ਬਾਲਣ ਲਈ ਦੇਸੀ ਘਿਉ ਦੀ ਵਰਤੋਂ ਆਮ ਹੀ ਕੀਤੀ ਜਾਂਦੀ ਸੀ। ਸੋ ਰਾਤ ਨੂੰ ਲਗਾਤਾਰ ਇਹ ਦੇਸੀ ਘਿਉ ਦੀ ਬੱਤੀ ਜਲਾਕੇ ਪ੍ਰਕਾਸ਼ ਕੀਤਾ ਜਾਂਦਾ ਅਤੇ 'ਗੁਰਬਾਣੀ' ਲਗਾਤਾਰ ਪੜ੍ਹੀ ਸੁਣੀ ਜਾਂਦੀ।

- ਖੁਲੇ ਜੰਗਲ ਵਿੱਚ ਹਵਾ ਚੱਲਣ ਕਰਕੇ ਇਸ ਜੱਗਦੇ ਦੀਵਾ ਬੱਤੀ ਤੋਂ ਅੱਗ ਲੱਗ ਜਾਣ ਦਾ ਖ਼ਤਰਾ ਲਗਾਤਾਰ ਬਣਿਆ ਰਹਿੰਦਾ ਸੀ। ਸੋ ਨੇੜੇ ਹੀ ਇੱਕ ਪਾਣੀ ਦਾ ਭਰਿਆ ਘੜਾ ਰੱਖਿਆ ਜਾਂਦਾ, ਤਾਂ ਜੋ ਅਚਾਨਕ ਅੱਗ ਲੱਗ ਜਾਣ ਤੇ ਇਸ ਪਾਣੀ ਨਾਲ ਅੱਗ ਬੁਝਾਈ ਜਾ ਸਕੇ।

- **ਸੋ ਇਹ ਸਨ ਉਸ ਸਮੇਂ ਦੇ ਅਨੁਸਾਰੀ ਲੋੜਾਂ ਅਤੇ ਆਪਣੀ ਸੁਰੱਖਿਆ ਦੇ ਸਾਧਨ।**

- (ਇਹ ਸਮੇਂ ਅਨੁਸਾਰੀ ਲੋੜਾਂ ਅਤੇ ਸੁਰੱਖਿਆ ਸਾਧਨ,) ਹੁਣ ਵਧੀਆ ਸੁਰੱਖਿਆ ਦੇ ਸਾਧਨ ਹੋਣ ਦੇ **ਬਾਵਯੂਦ ਵੀ ਫੋਕੀਆਂ, ਕੋਰੀਆਂ, ਝੂਠੀਆਂ ਮਾਨਤਾਵਾਂ ਕਰਮਕਾਂਡ ਬਣ ਚੁੱਕੀਆਂ। ਸਿੱਖਾਂ ਦੀ ਅਗਿਆਨਤਾ ਅਨਪੜ੍ਹਤਾ ਦਾ ਸਾਫ਼ ਨਜ਼ਾਰਾ ਪੇਸ਼ ਕਰਦੀਆਂ ਹਨ। ਸਿੱਖਾਂ ਦੇ ਧਾਰਮਿੱਕ ਕੇਂਦਰੀ ਸਥਾਨ ਦਰਬਾਰ ਸਾਹਿਬ**

**ਵਿੱਚ ਇਹ ਮੰਨਮੱਤ ਸ਼ਰੇਆਮ ਹੋ ਰਹੀ ਹੈ। ਬਾਕੀ ਦੇ ਗੁਰਦੁਆਰਿਆਂ ਵਿੱਚ ਇਸ ਮੰਨਮੱਤ ਦਾ ਹੋਣਾ ਤਾਂ ਸੁਭਾਵਿੱਕ ਸਮਝਿਆ ਜਾ ਸਕਦਾ ਹੈ, ਜਦ ਕੇਂਦਰੀ ਸਥਾਨ ਵਿੱਚ ਮੰਨਮੱਤ ਹੋ ਰਹੀ ਹੈ ਤਾਂ ਹੋਰਨਾਂ ਵਿੱਚ ਕਿਉਂ ਨਹੀਂ ਹੋਵੇਗੀ? ? ?**

- ਅੱਜ ਸਿੱਖ ਸਮਾਜ ਦੇ ਘਰਾਂ, ਆਮ ਅਤੇ ਖਾਸ ਗੁਰਦੁਆਰਿਆਂ ਵਿੱਚ ਹਰ-ਰੋਜ਼ ਕੁਇੰਟਲਾਂ ਦੇ ਹਿਸਾਬ ਨਾਲ ਦੇਸੀ ਘਿਓ ਇਸ ਜੋਤ ਜਗਾਉਣ ਦੇ ਕਰਮਕਾਂਡ ਤਹਿਤ ਜਲਾ ਦਿੱਤਾ ਜਾਂਦਾ ਹੈ। ਫੂਕ ਦਿੱਤਾ ਜਾਂਦਾ ਹੈ। ਜਿਥੇ ਇਹ ਜੋਤਾਂ ਜਗਦੀਆਂ ਹਨ ਉਥੇ ਆਲਾ ਦੁਆਲਾ ਧੂਏਂ ਕਰਕੇ ਕਾਲਾ ਹੋ ਜਾਂਦਾ ਹੈ। ਵਾਤਾਵਰਨ ਵਿੱਚ ਪ੍ਰਦੂਸ਼ਣ ਫੈਲਦਾ ਹੈ।

- ਇਸ ਮਹਿੰਗੀ ਖਾਣ ਵਾਲੀ ਵਸਤੂ ਦੀ ਸੁ-ਵਰਤੋਂ ਕੀਤੀ ਜਾ ਸਕਦੀ ਹੈ। ਲੋੜਵੰਦਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਇਹ ਦੇਸੀ ਘਿਉ ਦੀ ਜੋਤ ਨਾ ਬਾਲ ਕੇ ਵਾਤਾਵਰਨ ਦੀ ਸੁੱਧਤਾ ਵਧਾਈ ਜਾ ਸਕਦੀ ਹੈ।

- ਪਰ ਐਸਾ ਕਰਨਾ, ਸਾਡੇ ਸਿੱਖ ਸਮਾਜ ਦੇ ਡੇਰੇਦਾਰਾਂ, ਨਿਰਮਲੇ ਸਾਧੜਿਆਂ, ਅਤੇ ਹੋਰ ਮੰਨ-ਮਤੀਆਂ ਦੀ ਅਕਲ-ਮੱਤ-ਬੁੱਧੀ ਪ੍ਰਵਾਨ ਨਹੀਂ ਕਰਦੀ।

- ਕਿਉਂਕਿ ਇਹ ਮੰਨਮੱਤਾਂ ਸਾਡੇ ਸਿੱਖ ਸਮਾਜ ਦੇ ਖੁਨ ਵਿੱਚ ਰੱਚ-ਵੱਸ ਚੁੱਕੀਆਂ ਹਨ।

- ਇਹ ਸਾਡੇ ਪੁਰਖਿਆਂ ਦੀਆਂ ਬਣਾਈਆਂ ਰਵਾਇਤਾਂ ਹਨ। ਜਿਹਨਾਂ ਨੂੰ ਛੱਡਣਾ ਸਾਡੇ ਲਈ ਨਾ ਮੁੰਮਕਿਨ ਹੈ।

- ਵਾਤਾਵਰਨ, ਖ਼ੁਸਗਵਾਰ ਹੋਵੇ, ਇਸ ਲਈ ਸੁਗੰਧਤ ਇੱਕ ਜਾਂ ਦੋ ਅਗਰ ਬੱਤੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

- ਸੁਗੰਧਤ ਪਰੀਫਿਊਮ ਦੀ ਵਰਤੋਂ ਕੀਤੀ ਜਾ ਸਕਦੀ ਹੈ।

- ਬਾਬੇ-ਸਾਧੜੇ ਵੀ ਇੱਕ ਆਪਣੀ ਸਪੈਸ਼ਲ ਬਣਾਈ ਗੁੱਗਲ ਦੀ ਧੁਪ ਦੀ ਵਰਤੋਂ ਵੀ ਕਰਦੇ ਹਨ, ਜਿਸਨੂੰ 32 ਤਰਾਂ ਦੀ ਸਮੱਗਰੀ ਪਾਕੇ ਦੇਸੀ ਘਿਉ ਵਿੱਚ ਬਣਾਇਆ ਜਾਂਦਾ ਹੈ।

- ਲਗਾਤਾਰ 48 ਘੰਟੇ, ਜਦ ਤਕ ਸਮਾਪਤੀ ਨਹੀਂ ਹੋ ਜਾਂਦੀ ਇਸ ਧੁਪ ਨੂੰ ਬੁਝਣ ਨਹੀਂ ਦਿੱਤਾ ਜਾਂਦਾ।

- ਇੱਕ ਸਪੈਸ਼ਲ ਸੇਵਾਦਾਰ ਦੀ ਡਿਊਟੀ ਇਸੇ ਧੂਪ-ਬੱਤੀ ਦੇ ਕੋਲ ਹੁੰਦੀ ਹੈ, ਤਾਂ ਜੋ ਇਸ ਵਿੱਚ ਧੁਪ-ਬੱਤੀ ਵਿੱਚ ਧੂਆਂ ਨਿਕਲਣਾ ਬੰਦ ਨਾ ਹੋ ਜਾਵੇ।

- ਇਹ 32 ਤਰਾਂ ਦੀ ਸਮੱਗਰੀ ਦਾ ਨਿਕਲਦਾ ਸਫੈਦ-ਕਾਲਾ ਧੂਆਂ ਪੂਰੀ ਤਰਾਂ ਕਾਰਬਨਡਾਇਆਉਕਸਾਈਡ ਹੁੰਦੀ ਹੈ, ਜੋ ਪਾਠ ਸਰਵਣ ਕਰ ਰਹੀਆਂ ਸੰਗਤਾਂ ਦੇ ਫੇਫੜਿਆਂ ਦੀ ਚੰਗੀ ਤਰਾਂ ਸੇਵਾ ਕਰਦੀ ਹੈ। (ਜਦ ਕੇ ਸੰਗਤਾਂ ਜਿਥੇ ਬਾਣੀ ਸਰਵਣ ਕਰ ਰਹੀਆਂ ਹੁੰਦੀਆਂ, ਉਥੇ ਸਾਫ਼ ਸੁਥਰੀ ਹਵਾ ਦੀ ਜਰੂਰਤ ਹੁੰਦੀ ਹੈ।)

- ਕੀ ਇਹ ਬਲਦੀਆਂ ਜੋਤਾਂ ਸਾਨੂੰ ਕੋਈ ਗਿਆਨ ਦਿੰਦੀਆਂ ਹਨ? ?
- ਨਹੀਂ ਨਾ। ਫਿਰ ਕਿਉਂ ਨਹੀਂ ਅਸੀਂ 'ਗੁਰਬਾਣੀ ਗਿਆਨ' ਲੈ ਕੇ ਕੇਸਾਧਾਰੀ ਪੁਜਾਰੀ ਦੁਆਰਾਂ ਬਣਾਈਆਂ ਰਵਾਇਤਾਂ ਕੁਰੀਤੀਆਂ ਨੂੰ ਤੋੜਨਾ ਕਰਦੇ? ?
- 'ਗੁਰਮੱਤ-ਗਿਆਨ' ਤਾਂ ਸਿੱਖ-ਗੁਰਸਿੱਖ ਨੇ 'ਗੁਰਬਾਣੀ' ਪੜ੍ਹਕੇ, ਸੁਣ ਕੇ, ਮੰਨ ਕੇ, ਵਿਚਾਰ ਕੇ ਲੈਣਾ ਹੈ।
- ਇਹ ਜੋਤਾਂ ਜਗਾਉਣ ਵਾਲਾ ਕਰਮਕਾਂਡ, ਕਿਸੇ ਵੀ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਵੀਰ-ਭੈਣ ਨੂੰ ਨਹੀਂ ਸ਼ੋਭਦਾ।
- ਜੋ ਵੀਰ-ਭੈਣ ਇਹ ਕਰਮਕਾਂਡ ਕਰਦੇ ਹਨ ਉਹਨਾਂ ਨੂੰ ਆਪਣੇ ਆਪ ਵਿੱਚ 'ਗੁਰਮੱਤ-ਗਿਆਨ' ਅਨੁਸਾਰ' ਪ੍ਰੀਵਰਤਨ ਕਰਨ ਦੀ ਜਰੂਰਤ ਹੈ।

- ** ਸਿੱਖ ਰਹਿਤ ਮਰਿਆਦਾ ਅਨੁਸਾਰ:
- (ਸ) ਉਪਰ ਦੱਸੇ ਸਾਮਾਨ ਤੋਂ ਇਲਾਵਾ ਧੁਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ,
- ਭੋਗ ਲਾਉਣਾ,
- ਜੋਤਾਂ ਜਗਾਉਣੀਆਂ,
- ਟੱਲ ਖੜਕਾਉਣੇ,
- ਆਦਿ ਗੁਰਮੱਤ ਅਨੁਸਾਰ ਨਹੀਂ)
- ਹਾਂ, ਸਥਾਨ ਨੂੰ ਸੁਗੰਧਿੱਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ। ਕਮਰੇ ਅੰਦਰ ਰੌਸਨੀ ਲਈ ਤੇਲ, ਘੀ ਜਾਂ ਮੋਮਬੱਤੀ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।

**** ਦੇਸੀ ਘਿਉ ਦੀ ਜੋਤ ਲਗਾਤਾਰ ਕਿਸੇ ਇੱਕ ਖਾਸ ਜਗਹ ਜਲਾਉਣੀ ਕੋਰੀ ਮੰਨਮੱਤ ਹੈ।**

…………………. **ਚੱਲਦਾ।**

**ਧੰਨਵਾਧ।**

**ਇੰਜ ਦਰਸਨ ਸਿੰਘ ਖਾਲਸਾ**

**ਅਸਟਰੇਲੀਆ।**

3 ਮਈ 2019